# ਚੂਚੇ ਚੂਚੇ ਦੀ ਰਖੜੀ

ਕਾਵਿ ਕਹਾਣੀਆਂ

**ਏਸੇ ਕਲਮ ਤੋਂ:**

1. ਆਪਣੀ ਛਾਂ -ਕਹਾਣੀ ਸੰਗ੍ਰਹਿ
2. ਆਪਣਾ ਅਕਸ -ਕਹਾਣੀ ਸੰਗ੍ਰਹਿ
3. ਸੁੱਕੇ ਅੱਥਰੂ -ਕਹਾਣੀ ਸੰਗ੍ਰਹਿ
4. ਦੁੱਧੀ ਦਰਦਾਂ -ਨਾਵਲ
5. ਦ੍ਰਿਸ਼ਟ-ਆਦ੍ਰਿਸ਼ਟ -ਕਹਾਣੀ ਸੰਗ੍ਰਹਿ
6. ..... ਤੇ ਹਿਨਾ ਚਲੀ ਗਈ -ਕਹਾਣੀ ਸੰਗ੍ਰਹਿ

ਪੰਜਾਬੀ ਕਹਾਣੀ ਦੀ ਸਰਵੋਤਮ ਪੁਸਤਕ 'ਨਾਨਕ ਸਿੰਘ ਪੁਰਸਕਾਰ' ਮਿਲਿਆ ਭਾਸ਼ਾ ਵਿਭਾਗ ਪੰਜਾਬ ਵੱਲੋਂ

7. ਬੰਦ ਬੂਹੇ ਪਿੱਛੇ -ਕਹਾਣੀ ਸੰਗ੍ਰਹਿ
8. ਹੁਣ ਪੰਜਾਬੀ ਦਾ ਮੁਦੱਈ ਡੈਨਮਾਰਕ ਵਿਚ -ਵਿਸ਼ਲੇਸ਼ਣਾਤਮਕ ਅਧਿਐਨ
9. ਔਰਤ ਤੋਂ ਔਰਤ ਤਕ ਦਾ ਸਫ਼ਰ -ਵਿਸ਼ਲੇਸ਼ਣਾਤਮਕ ਅਧਿਐਨ
10. ਨਿੱਕਾ ਹਾਂ ਪਰ ਸੋਚ ਹੈ ਵੱਡੀ -ਬੱਚਿਆਂ ਲਈ ਕਹਾਣੀਆਂ
11. ਇਜ਼ਤ ਕਰੋ ਤੇ ਕਰਾਓ -ਬੱਚਿਆਂ ਲਈ ਕਹਾਣੀਆਂ
12. ਪਾਲੋਪੜ੍ਹ ਗਈ -ਸੰਘਰਸ਼ਮਈ ਕਹਾਣੀ ਐਨਬੀਟੀ ਵੱਲੋਂ ਛਪੀ
13. ਪੈਰਾਂ ਤੇ ਨਹੀਂ ਆਪਣੇ ਹੱਥਾਂ ਤੇ ਖਲੋਤੀ ਅਪੰਗ ਨਿਕੀ ਕਹਾਣੀ ਸੰਗ੍ਰਹਿ
14. ....ਤੇ ਜੀਨੀ ਜਿੱਤ ਗਈ -ਕਹਾਣੀ ਸੰਗ੍ਰਹਿ

ਚੂਚੇ ਚੂਚੀ ਦੀ ਰੱਖੜੀ

ਦੀਵਾਲੀ ਆਵੇ ਵਾਰ ਵਾਰ

-ਡਾ. ਸ਼ਰਨਜੀਤ ਕੌਰ ਕਾਵਿ ਕਹਾਣੀਆਂ ਪ੍ਰਕਾਸ਼ਕ

# ਚੂਚੇ ਚੂਚੇ ਦੀ ਰਖੜੀ

## ਕਾਵਿ ਕਹਾਣੀਆਂ

ਡਾ. ਸ਼ਰਨਜੀਤ ਕੌਰ

**ਸਪਤਰਿਸ਼ੀ ਪਬਲੀਕੇਸ਼ਨਜ਼**
**ਚੰਡੀਗੜ੍ਹ**

# Chuche Chuchi di Rakhri

by
**Dr. Sharanjit Kaur**
#640/20A, Chandigarh.

"Published with the help of Chandigarh Sahitya Akademi"

**ISBN**

**Edition 2020**

Published by
**Sapatrishi Publications**
Plot No. 24/9, Industrial Area, Phase-2,
Near Tribune Chowk, Chandigarh.
**Website : sapatrishipublication.com**
E-mail-: sapatrishi94@gmail.com
0172-5002591, 94638-36591
*All rights reserved. No part of this book may be reproduced or transmitted in any form or by any means, electronic or mechanical, including photocopying, recording or any information storage and retrieval system, without permission in writing from the Publisher.*

ਸਮਰਪਣ

**ਆਉਣ ਵਾਲੀ ਪੀੜ੍ਹੀ ਦੇ ਵਿਕਾਸ ਨੂੰ**

**ਉਨ੍ਹਾਂ ਦੇ ਖੁਸ਼ੀ ਭਰੇ ਭਵਿੱਖ ਨੂੰ**

# ਤਰਤੀਬ


- ਦੋ ਸ਼ਬਦ 8

  ਦਰਸ਼ਨ ਸਿੰਘ 'ਆਸ਼ਟ' (ਡਾ.)

- ਦੀਵਾਲੀ ਆਵੇ ਵਾਰ-ਵਾਰ 12

- ਮੇਰੇ ਵੱਲੋਂ 14

1. ਚੂਚੇ ਚੂਚੀ ਦੀ ਰਖੜੀ 16

2. ਦੀਵਾਲੀ ਆਵੇ ਵਾਰ ਵਾਰ 46

# ਦੋ ਸ਼ਬਦ

ਡਾ. ਸ਼ਰਨਜੀਤ ਕੌਰ ਪੰਜਾਬੀ ਸਾਹਿਤ ਪਿੜ ਵਿਚ ਇਕ ਜਾਣਿਆ ਪਛਾਣਿਆ ਨਾਂ ਹੈ। ਉਸ ਨੇ ਵੱਡਿਆਂ ਲਈ ਵੀ ਲਿਖਿਆ ਹੈ ਅਤੇ ਬੱਚਿਆਂ ਲਈ ਵੀ। ਉਸ ਦੀ ਰਚਨਾਤਮਕ-ਵਿਸ਼ੇਸ਼ਤਾ ਇਹ ਹੈ ਕਿ ਉਸ ਨੇ ਦੋਵਾਂ ਮਨੁੱਖੀ ਵਰਗਾਂ ਵਿਚ ਹੀ ਚੋਖੀ ਪ੍ਰਵਾਨਗੀ ਹਾਸਲ ਕੀਤੀ ਹੈ। ਉਸ ਨੇ ਜਿੱਥੇ ਬੱਚਿਆਂ ਲਈ ਕਹਾਣੀਆਂ ਦੀ ਸਿਰਜਣਾ ਕੀਤੀ ਹੈ ਉਥੇ ਹੀ ਢੁੱਕਵੇਂ ਵਿਸ਼ਿਆਂ ਨੂੰ ਵੀ ਕਾਵਿ ਕਹਾਣੀਆਂ ਦੇ ਰੂਪ ਢਾਲਿਆ ਹੈ। ਇਸ ਪ੍ਰਸੰਗ ਵਿਚ ਉਸ ਦੀ ਹੱਥਲੀ ਬਾਲ ਕਾਵਿ ਪੁਸਤਕ 'ਚੂਚੇ ਚੂਚੀ ਦੀ ਰੱਖੜੀ' ਵਿਚ ਦੀ ਮਿਸਾਲ ਸਾਡੇ ਸਨਮੁੱਖ ਹੈ। ਇਸ ਵਿਚ ਦੋ ਕਾਵਿ ਕਹਾਣੀਆਂ ਹਨ, ਇਕ 'ਚੂਚੇ ਚੂਚੀ ਦੀ ਰੱਖੜੀ ਤੇ ਦੂਜੀ 'ਦੀਵਾਲੀ ਆਵੇ ਵਾਰ ਵਾਰ'

ਚੂਚਾ ਸੀ ਮੁਰਗੀ ਦਾ ਬੱਚਾ।
ਹੈ ਸੀ ਨਟਖਟ, ਉਮਰ ਦਾ ਕੱਚਾ।
ਨਾਂ ਸੀ ਉਸਦਾ, ਮੁਨਮੁਨ ਚੂਚਾ।
ਕਹਿਣਾ ਕਦੇ ਨਾ ਮੰਨੇ-ਦੂਜੇ ਦਾ।

ਤਾੜੀ ਮਾਰ ਕੇ, ਬੱਚੇ ਬੋਲਣ
ਆਈ ਦੀਵਾਲੀ, ਆਈ ਦੀਵਾਲੀ
ਘਰ ਘਰ ਦੇ ਵਿਚ, ਹੋਈ ਸਫਾਈ
ਹਲ-ਚਲ ਮੱਚੀ ਖੁਸ਼ੀ ਹੈ ਆਈ

ਇਕ ਤੇ ਅਧਿਆਪਨ ਕਿੱਤੇ ਨਾਲ ਸਬੰਧਤ ਹੋਣ ਕਾਰਨ ਡਾ. ਸ਼ਰਨਜੀਤ ਕੌਰ ਦਾ ਵਿਦਿਆਰਥੀਆਂ ਨਾਲ ਵਿਚਰਨ ਦਾ ਲੰਮਾ ਅਨੁਭਵ ਰਿਹਾ ਹੈ। ਇਹੀ ਕਾਰਨ ਹੈ ਕਿ ਇਹ ਕਲਮਕਾਰ ਬੱਚਿਆਂ ਦੀਆਂ ਮਾਨਸਿਕ, ਬੌਧਿਕ, ਸਰੀਰਕ ਅਤੇ ਮਾਨਸਿਕ-ਲੋੜਾਂ, ਸਮੱਸਿਆਵਾਂ ਅਤੇ ਸਮਾਧਾਨ ਬਾਰੇ ਡੂੰਘੀ ਸਮਝ ਰੱਖਦੀ ਹੈ। ਹੱਥਲੀ ਕਾਵਿ-ਪੁਸਤਕ ਵਿਚ ਲੇਖਿਕਾ ਨੇ ਮੁਰਗੀ ਦੇ ਇਕ ਨਟਖਟ ਚੂਚੇ ਮੁਨਮੁਨ ਦੀਆਂ ਵੰਨ ਸੁਵੰਨੀਆਂ ਸ਼ਰਾਰਤਾਂ ਦੇ ਮਾਧਿਅਮ ਦੁਆਰਾ ਅਨੋਖਾ, ਸਜੀਵ ਅਤੇ ਜਿਗਿਆਸਾਮਈ ਵਾਤਾਵਰਣ ਚਿੱਤਿਰਆ ਹੈ। ਇਸ ਨੂੰ ਪੜ੍ਹਦੇ ਹੋਏ ਬਾਲ ਪਾਠਕ ਇਉਂ ਅਨੁਭਵ ਕਰਦੇ ਹਨ ਜਿਵੇਂ ਸਭ ਕੁਝ ਉਨ੍ਹਾਂ ਦੀਆਂ ਅੱਖਾਂ ਸਾਹਵੇਂ ਵਾਪਰ ਰਿਹਾ ਹੋਵੇ। ਨਟਖਟ ਚੂਚਾ ਖੁਦ ਤਾਂ ਸੰਕਟ ਸਹੇੜਦਾ ਹੀ ਹੈ, ਦੂਜਿਆਂ ਨੂੰ ਵੀ ਪ੍ਰੇਸ਼ਾਨ ਕਰਦਾ ਰਹਿੰਦਾਹੈ। ਮਾਂ ਮੁਰਗੀ ਦੇ ਸਮਝਾਉਣ ਦੇ ਬਾਵਜੂਦ ਵੀ ਉਹ ਬਾਹਰ ਨਿਕਲ ਜਾਂਦਾ ਹੈ, ਸ਼ਰਾਰਤਾਂ ਕਰਦਾ ਹੈ। ਮਾਂ ਉਸ ਨੂੰ ਚੋਗਾ ਚੁਗਣ ਦੀ ਜਾਚ ਸਿਖਾਉਣਾ ਚਾਹੁੰਦੀ ਹੈ। ਚੂਚੀ ਭੈਣ ਵੀ ਉਸ ਨੂੰ ਰੱਖੜੀ ਦੇ ਤਿਉਹਾਰ ਨੂੰ ਸਲੀਕੇ ਅਤੇ ਖੁਸ਼ੀ ਨਾਲ ਮਨਾਉਣ ਦੀ ਗੱਲ ਕਰਦੀ ਹੈ ਪ੍ਰੰਤੂ ਮੁਨਮੁਨ ਅਮੋੜ ਹੈ। ਉਹ ਅਜਿਹੀ ਰੱਖਣੀ ਲੈਣ ਲਈ ਬਜ਼ਿੱਦ ਹੈ ਜਿਸ ਵਿਚੋਂ ਮਿਊਜ਼ਿਕ ਵੱਜਦਾ ਹੋਵੇ ਪ੍ਰੰਤੂ ਚੂਚੀ ਉਸ ਨੂੰ ਮਹਿੰਗੀ ਰੱਖਣੀ ਹੋਣ ਦਾ ਵਾਸਤਾ ਪਾਉਂਦੀ ਹੋਈ 'ਘੜੀ' ਜਾਂ 'ਸਰਵਣ ਦੀ ਵਹਿੰਗੀ' ਵਾਲੀ ਸਸਤੀ, ਸੁੰਦਰ ਰੱਖੜੀ ਲੈਣ ਦਾ ਮਸ਼ਵਰਾ ਦਿੰਦੀ ਹੈ ਪ੍ਰੰਤੂ ਅਮੋੜ ਅਤੇ ਜ਼ਿੱਦੀ ਸੁਭਾਅ ਵਾਲਾ ਮੁਨਮੁਨ ਮਨਮਾਨੀਆਂ ਕਰਦਾ ਰਹਿੰਦਾ ਹੈ। ਮਾਂ ਕੋਲੋਂ ਚੋਗਾ ਚੁਗਣ ਦੀ ਜਾਚ ਨਾ ਸਿੱਖਣ ਕਾਰਨ ਜਦੋਂ ਫਲੀ ਦਾ ਇਕ ਦਾਣਾ ਉਸ ਦੇ ਗਲੇ ਵਿਚ ਅਟਕ ਜਾਂਦਾ ਹੈ ਤਾਂ ਉਹ ਚੀਕਾਂ ਮਾਰਨ ਲੱਗਦਾ ਹੈ ਅਤੇ ਜਾਨ ਬਚਾਉਣ ਲਈ ਹਾਲ ਪਾਹਰਿਆ ਕਰਦਾ ਹੈ। ਅਖੀਰ ਉਸ ਨੂੰ ਸੋਝੀ ਆਉਂਦੀ ਹੈ ਅਤੇ ਉਹ ਸਾਊ-ਬੱਚੇ ਵਾਂਗ ਜੀਵਨ-ਮੁੱਲਾਂ ਨੂੰ ਗ੍ਰਹਿਣ ਕਰਕੇ ਚੰਗਾ ਜੀਵਨ ਜਿਊਣ ਲੱਗਦਾ ਹੈ।

ਚੂਚੀ ਭੈਣ ਕਹੇ, ਰੱਖੜੀ ਤਿਉਹਾਰ

ਲੈਣੀ ਰੱਖੜੀ ਵਿਚ ਜਾ, ਬਜ਼ਾਰ
ਮੁਨਮੁਨ ਕਹੇ ਰੱਖੜੀ ਲਵਾਂ, ਜੋ ਮੀਊਜ਼ਕ ਗਾਵੇ
ਟ੍ਰਿੰਜ਼ ਟ੍ਰਿੰਜ਼ ਕਰੇ, ਤੇ ਮਨ ਨੂੰ ਭਾਵੇ
ਚੂਚੀ ਆਖੇ, ਇਹ ਰੱਖੜੀ ਹੈ ਮਹਿੰਗੀ
ਰੱਖੜੀ ਲੈ ਲੈ, ਘੜੀ ਵਾਲੀ ਜਾਂ ਸਰਵਣ ਦੀ ਵਹਿੰਗੀ।

ਡਾ. ਸ਼ਰਨਜੀਤ ਕੌਰ ਨੇ ਇਨ੍ਹਾਂ ਕਾਵਿ ਕਹਾਣੀਆਂ ਦੇ ਮਾਧਿਅਮ ਦੁਆਰਾ ਬੱਚਿਆਂ ਵਿਚ ਨੈਤਿਕ ਕਦਰਾਂ-ਕੀਮਤਾਂ ਨੂੰ ਗ੍ਰਹਿਣ ਕਰਕੇ ਚੰਗੇ ਨਾਗਰਿਕ ਬਣਨ ਦੀ ਪ੍ਰੇਰਣਾ ਤਾਂ ਦਿੱਤੀ ਹੀ ਹੈ, ਇਸ ਦੇ ਨਾਲ ਉਨ੍ਹਾਂ ਨੂੰ 'ਮਾਤ-ਭਾਸ਼ਾ' ਦਾ ਗਿਆਨ ਪ੍ਰਦਾਨ ਕਰਦਿਆਂ ਸਾਹਿਤ ਪੜ੍ਹਨ ਦੀ ਚੇਟਕ ਵੀ ਲਗਾਈ ਹੈ।

ਆਸ ਕਰਦਾ ਹਾਂ ਕਿ ਬੱਚੇ ਇਸ ਪੁਸਤਕ ਨੂੰ ਪੜ੍ਹ ਕੇ ਉਪਦੇਸ਼ ਗ੍ਰਹਿਣ ਕਰਨਗੇ ਅਤੇ ਆਪਣੇ ਅੰਦਰ ਸਮੱਸਿਆਵਾਂ ਦਾ ਸਾਹਮਣਾ ਕਰਨ ਦੀ ਸਮਰੱਥਾ ਪੈਦਾ ਕਰਨਗੇ। ਇਸ ਪੁਸਤਕ ਵਿਚ ਦਿਲਚਸਪ ਤੋਲ ਤੁਕਾਂਤ ਅਤੇ ਲੈਅ ਕਾਵਿ ਕਹਾਣੀਆਂ ਦੀ ਰਵਾਨੀ ਨੂੰ ਹੋਰ ਦਿਲਚਸਪ ਬਣਾਈ ਰੱਖਦੇ ਹਨ। ਇਹ ਪੁਸਤਕ ਪੰਜਾਬੀ ਬਾਲ ਸਾਹਿਤ ਦੇ ਵਿਕਾਸ ਵਿਚ ਇਕ ਉਸਾਰੂ ਵਾਧਾ ਕਰਦੀ ਹੈ।

ਹੁਣ ਚੂਚਾ ਆਖੇ, ਸਭ ਨੂੰ ਕਰਾਂ ਮੈਂ ਬਹੁਤ ਪਿਆਰ
ਵੱਡਿਆ ਦਾ ਨਾਲੇ, ਕਰਾਂ ਸਤਿਕਾਰ।
ਮਾਂ, ਭੈਣ ਅਤੇ ਦੇਸ਼ ਦੀ, ਕਰਾਂ ਮੈਂ ਰਖਿਆ
ਰੱਖੜੀ ਤਿਉਹਾਰ ਤੇ, ਇਹੀ ਮਿਲੀ ਮੈਨੂੰ ਸਿੱਖਿਆ

ਡਾ. ਸਾਹਿਬਾ ਨੇ ਦੱਸਿਆ ਹੈ ਕਿ ਬੱਚੇ ਦੋ ਤਿਉਹਾਰ ਬਹੁਤ ਪਸੰਦ ਕਰਦੇ ਹਨ। ਇਕ ਰੱਖੜੀ, ਇਕ ਦੀਵਾਲੀ ਕਿਉਂਕਿ ਦੋਹਾਂ ਤਿਉਹਾਰਾਂ ਵਿਚ ਬੱਚਿਆਂ ਨੂੰ ਵੱਧ ਅਹਿਮੀਅਤ ਮਿਲਦੀ ਹੈ ਤੇ ਉਹ ਬਹੁਤ ਖੁਸ਼ੀ ਮਹਿਸੂਸ ਕਰਦੇ ਹਨ। ਉਸ ਨੇ ਬੱਚਿਆਂ ਨੂੰ 'ਤਿਉਹਾਰਾਂ' ਤੇ 'ਮਿਥਿਹਾਸਕ ਮਿਥਾਂ' ਦੀ ਭਰਪੂਰ ਜਾਣਕਾਰੀ ਦਿੱਤੀ ਹੈ- ਦੀਵਾਲੀ ਆਵੇ ਵਾਰ ਵਾਰ ਵਿਚ ਬੱਚਿਆਂ ਨੂੰ ਸਫਾਈ ਆਪਣੇ ਹੱਥੀਂ ਕਰਨ

ਦੀ ਖੁਸ਼ੀ ਮਿਲਦੀ ਹੈ। ਬੱਚਿਆਂ ਵੱਲੋਂ ਪੂਜਾ ਕਰਨੀ ਅਤੇ ਅੰਮ੍ਰਿਤਸਰ ਦੀ ਦੀਵਾਲੀ ਦੀ ਮਹਾਨਤਾ ਵੀ ਦੱਸੀ ਹੈ।

ਦੀਵਾਲੀ ਅੰਮ੍ਰਿਤਸਰ ਦੀ, ਜੇ ਕੋਈ ਤੱਕੇ।
ਹਿੰਦੂ ਸਿੱਖ ਮਨਾਵਣ, ਇਕੱਠੇ
ਪਟਾਕੇ ਚਲਦੇ ਹਨ ਮੋਮਬੱਤੀਆਂ ਦੀਵੇ ਬਾਲੇ ਜਾਂਦੇ ਹਨ।
ਹੁਣ ਮੰਮੀ ਕਹਿੰਦੀ ਮੋਮਬੱਤੀਆਂ ਜਗਾਓ
ਜਲਦੀ ਜਲਦੀ, ਦੌੜੇ ਦੌੜੇ ਆਉ
ਹੋਈ ਅੱਗੇ ਪਿੱਛੇ, ਭੀੜ ਹੀ ਭੀੜ
ਪਟਾਕੇ ਚੱਲਣ ਹੁਣ, ਰੀਸ ਪੜੀਸ
ਠਾਹ ਠਾਹ ਕਰਕੇ, ਚੱਲਣ ਪਟਾਕੇ।
ਨੀਂਦ ਨਹੀਂ, ਸਗੋਂ ਆਵਣ ਹਾਸੇ।
ਆਖਣ ਦੀਵਾਲੀ ਆਵੇ, ਵਾਰ ਵਾਰ
ਮਿਠਾਈ ਖਾਈਏ ਦਿਨ ਦੋ ਚਾਰ।

ਢੁੱਕਵੇਂ ਅਤੇ ਸਜੀਵ ਚਿੱਤਰਾਂ ਨਾਲ ਸੁਸੱਜਿਤ, ਇਹ ਬਾਲ ਪੁਸਤਕ 8 ਤੋਂ 12 ਸਾਲਾਂ ਦੇ ਬਾਲ ਪਾਠਕਾਂ ਲਈ ਵਿਸ਼ੇਸ਼ ਤੌਰ 'ਤੇ ਪੜ੍ਹਨਯੋਗ ਹੈ। ਮੈਂ ਇਸ ਪੁਸਤਕ ਦਾ ਸੁਆਗਤ ਕਰਦਾ ਹੋਇਆ ਡਾ. ਸ਼ਰਨਜੀਤ ਕੌਰ ਨੂੰ ਵਧਾਈ ਦਿੰਦਾ ਹਾਂ।

**ਦਰਸ਼ਨ ਸਿੰਘ 'ਆਸ਼ਟ' (ਡਾ.)**
ਸਾਹਿਤ ਅਕਾਦਮੀ ਐਵਾਰਡੀ ਅਤੇ
ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ
ਪੰਜਾਬੀ ਯੂਨੀਵਰਸਿਟੀ ਕੈਂਪਸ,
ਪਟਿਆਲਾ
ਮੋ.: 98144-23703

# ਦੀਵਾਲੀ ਆਵੇ ਵਾਰ-ਵਾਰ

'ਦੀਵਾਲੀ ਦੀ ਰਾਤ ਦੀਵੇ ਬਾਲੀਅਨ।' ਇਹ ਇਕ ਮਿੱਥ ਹੈ ਕਿ ਦੀਵਾਲੀ ਦੀ ਰਾਤ ਦੀਵੇ ਬਾਲਣਾ ਸ਼ਗਨ ਹੁੰਦਾ ਹੈ। ਅੱਜ ਆਧੁਨਿਕ ਸਮੇਂ ਵਿਚ ਮੋਮਬੱਤੀਆਂ ਤੇ ਖ਼ੂਬਸੂਰਤ ਕਈ ਕਿਸਮ ਦੀਆਂ, ਰੰਗ ਬਰੰਗੀਆਂ, ਜਗਮਗ ਜਗਮਗ ਕਰਦੀਆਂ ਰੋਸ਼ਨੀਆਂ, ਛੋਟੇ ਬਲਬ, ਵੱਡੇ ਬਲਬ, ਲਾਲ ਪੀਲੇ ਰੰਗਾਂ ਦੇ ਮਿਲ ਜਾਂਦੇ ਹਨ। ਸੋ ਇਉਂ ਨਵੇਂ ਸਮੇਂ ਵਿਚ ਆਮ ਲੋਕ ਦੀਵੇ ਜਗਾਣੇ ਔਖੇ ਸਮਝਦੇ ਹਨ। ਤੇਲ ਲਿਆਓ, ਬੱਤੀਆਂ ਬਣਾਓ, ਇਕ ਇਕ ਦੀਵਾ ਜਗਾਓ ਸੋ ਬਹੁਤੇ ਲੋਕ ਤਾਂ ਜਗਾਂਦੇ ਨਹੀਂ । ਸੋ ਇਉਂ ਮਿਥਾਂ ਵੀ ਕਈ ਵਾਰ ਬਦਲ ਜਾਂਦੀਆਂ ਹਨ। ਪਰ ਤਾਂ ਵੀ ਹਰ ਘਰ ਹਰ ਪਰਿਵਾਰ ਵਿਚ ਮਿੱਟੀ ਦੇ ਦੀਵਿਆਂ ਦੀ ਬੜੀ ਅਹਿਮੀਅਤ ਹੈ–ਬਹੁਤੇ ਘਰਾਂ ਵਿਚ ਅੱਜ ਵੀ ਦੀਵੇ ਬਾਲਣੇ ਵੱਡਾ ਸ਼ਗਨ ਸਮਝਿਆ ਜਾਂਦਾ ਹੈ।

ਇਸ ਕਾਵਿ ਕਹਾਣੀ ਵਿਚ ਮੈਂ ਤਿਉਹਾਰਾਂ ਤੇ ਮਿਥਿਹਾਸਕ ਮਿੱਥਾਂ ਦੀ ਜਾਣਕਾਰੀ ਬੱਚਿਆਂ ਨੂੰ ਦਿੱਤੀ ਹੈ। ਪੰਛੀ ਵੀ ਮਨੁੱਖਾਂ ਵਾਂਗੂੰ ਵਿਚਰਦੇ ਹਨ। 'ਦੀਵਾਲੀ' ਤਿਉਹਾਰ ਨੂੰ, ਸਵੇਰ ਤੋਂ ਹੀ ਬੱਚੇ ਨੱਚਣੇ ਟੱਪਣੇ ਸ਼ੁਰੂ ਹੋ ਜਾਂਦੇ ਹਨ। ਇਕ ਦੂਜੇ ਦਾ ਮਨ ਮੋਹ ਲੈਂਦੇ ਹਨ। ਦੀਵਾਲੀ ਨੂੰ ਸਫਾਈ ਦਾ ਤਿਉਹਾਰ ਵੀ ਮੰਨਿਆ ਜਾਂਦਾ ਹੈ। ਬੱਚੇ ਰਲ ਮਿਲ ਕੇ ਘਰਾਂ ਦੀ, ਘਰਾਂ ਦੇ ਅੱਗੋਂ ਨਿੱਕੇ ਨਿੱਕੇ ਵਿਹੜਿਆਂ ਦੀ ਸਫਾਈ ਆਪ ਹੱਥੀਂ ਕਰਦੇ ਹਨ, ਇਉਂ ਉਹ ਆਪਣੀਆਂ 'ਮੰਮੀਆਂ' ਦੀ ਵੀ ਮਦਦ ਕਰਦੇ ਮਾਨਵਵਾਦੀ ਸੁਰ ਨੂੰ ਉਘਾੜਦੇ ਹਨ।

'ਦੀਵਾਲੀ ਆਵੇ ਵਾਰ-ਵਾਰ' ਕਾਵਿ ਕਹਾਣੀ ਵਿਚ ਕਹੀ ਗੱਲ ਸਾਰਥਕ ਹੈ ਜੋ ਬੱਚਿਆਂ ਨੂੰ ਕੋਈ ਨਾ ਕੋਈ ਸਿੱਖਿਆ ਦੇਣ ਵਾਲੀ, ਭਾਰਤੀ ਕਦਰਾਂ-ਕੀਮਤਾਂ ਵਾਲੀ ਹੈ। ਬੱਚੇ ਮਠਿਆਈਆਂ ਦੱਬ ਦੱਬ ਕੇ ਖਾਂਦੇ ਹਨ। ਰਸਗੁੱਲਿਆਂ ਨੂੰ ਬਹੁਤ ਪਸੰਦ ਕਰਦੇ ਹਨ। ਇੱਥੇ ਇਹ ਸਮਝਾਇਆ ਜਾਂਦਾ ਹੈ ਕਿ ਠੀਕ ਠੀਕ ਸੰਭਲ ਕੇ ਖਾਵੋ, ਤਾਂ ਜੋ ਬੀਮਾਰ ਨਾ ਹੋਵੋ। ਦੀਵਾਲੀ ਵਾਲੇ ਦਿਨ ਬੱਚਿਆਂ ਵੱਲੋਂ ਪੂਜਾ ਕਰਨੀ-ਅੰਮ੍ਰਿਤਸਰ ਦੀ ਦੀਵਾਲੀ ਦੀ ਮਹਾਨਤਾ ਵੀ ਦੱਸੀ ਹੈ। ਹਰ ਪੰਨੇ 'ਤੇ ਚਿੱਤਰ ਹਨ। ਜੋ ਬੱਚਿਆਂ ਦਾ ਮਨ ਮੋਹ ਲੈਂਦੇ ਹਨ। ਬੱਚੇ ਚਿੱਤਰਾਂ ਨੂੰ ਵਾਰ ਵਾਰ ਦੇਖਦੇ ਹਨ। ਚਿੱਤਰਾਂ ਦੀ ਨਕਲ ਕਰਦੇ ਹਨ ਤੇ ਬਹੁਤ ਖੁਸ਼ ਹੁੰਦੇ ਹਨ-ਇਸੇ ਕਾਵਿ-ਕਹਾਣੀ ਰਾਹੀਂ ਹੀ ਪਟਾਖਿਆਂ ਬਾਰੇ ਸਮਝਾਇਆ ਜਾ ਸਕਦਾ ਹੈ ਕਿ ਪਟਾਖ਼ੇ ਚਲਾਣ ਨਾਲ ਕਈ ਵਾਰ ਬਹੁਤ ਨੁਕਸਾਨ ਹੁੰਦਾ ਹੈ। ਹੱਥ ਜਲ ਜਾਂਦੇ ਹਨ, ਪਟਾਖ਼ਿਆਂ ਦੀਆਂ ਪੂਰੀਆਂ ਪੂਰੀਆਂ ਦੁਕਾਨਾਂ ਸੜ ਸੁਆਹ ਹੋ ਜਾਂਦੀਆਂ ਹਨ।

ਦੀਵਾਲੀ ਵਾਲੇ ਦਿਨ ਸ੍ਰੀ ਰਾਮ ਚੰਦਰ ਜੀ ਚੌਦਾਂ ਸਾਲਾਂ ਦਾ ਬਨਵਾਸ ਕੱਟ ਕੇ ਅਯੁਧਿਆ ਪਧਾਰੇ ਸਨ ਤੇ ਉਨ੍ਹਾਂ ਦੇ ਬਨਵਾਸ ਤੋਂ ਮੁੜ ਆਉਣ ਦੀ ਖੁਸ਼ੀ ਵਿਚ ਦੀਵੇ ਬਾਲੇ ਜਾਂਦੇ ਹਨ। ਹਰ ਪਾਸੇ ਜਗਮਗ ਜਗਮਗ ਹੋ ਜਾਂਦੀ ਹੈ। ਵੈਸੇ ਤਾਂ ਇਹ ਤਿਉਹਾਰ ਹਿੰਦੂ, ਸਿੱਖਾਂ ਦੋਹਾਂ ਲਈ ਵੱਡਾ ਤਿਉਹਾਰ ਹੈ-ਸਿੱਖਾਂ ਲਈ ਇਹ ਹੋਰ ਵੀ ਅਹਿਮੀਅਤ ਰੱਖਦਾ ਹੈ ਕਿ ਇਸ ਦਿਨ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਗਵਾਲੀਅਰ ਦੀ ਜੇਲ੍ਹ ਵਿਚੋਂ ਰਿਹਾਅ ਹੋਏ ਸਨ ਤੇ ਇਨ੍ਹਾਂ ਦੇ ਨਾਲ 52 ਹੋਰ ਰਾਜੇ ਜੋ ਜੇਲ੍ਹ ਵਿਚ ਗੁਰੂ ਜੀ ਨਾਲ ਸਨ, ਉਹ ਵੀ ਰਿਹਾਅ ਹੋਏ ਸਨ। ਉਨ੍ਹਾਂ ਦੀ ਰਿਹਾਅ ਹੋਣ ਦੀ ਖੁਸ਼ੀ ਵਿਚ ਦੀਵੇ ਜਗਾਏ ਜਾਂਦੇ ਹਨ। ਹਰ ਪਾਸੇ ਰੌਸ਼ਨੀ ਕੀਤੀ ਜਾਂਦੀ ਹੈ।

# ਮੇਰੇ ਵੱਲੋਂ

ਮੈਂ ਅਧਿਆਪਨ ਦੇ ਕਿੱਤੇ ਵਿਚ ਲਗਭਗ ਬਤਾਲੀ ਸਾਲ ਕੰਮ ਕੀਤਾ, ਕੁਝ ਛੋਟੇ ਬੱਚਿਆਂ ਵਿਚ ਤੇ ਕੁਝ ਵੱਡੇ ਬੱਚਿਆਂ ਵਿਚ। ਉਦੋਂ ਪੂਰਾਂ ਦੇ ਪੂਰ ਲੇਖਕਾਂ ਨੇ ਛੋਟੇ ਬੱਚਿਆਂ ਲਈ ਛੋਟੀਆਂ ਛੋਟੀਆਂ ਕਵਿਤਾਵਾਂ ਲਿਖੀਆਂ, ਕੁਝ ਫੁੱਲਾਂ ਤੇ ਕੁਝ ਮਠਿਆਈਆਂ ਤੇ ਕੁਝ ਸਕੂਲਾਂ ਉਤੇ। ਇਹ ਕਵਿਤਾਵਾਂ ਸੁਰ ਤਾਲ ਲੈ ਵਿਚ ਤਾਂ ਸਨ, ਪਰ ਮੈਨੂੰ ਜਾਪਿਆ ਕਿ ਜੇ ਇਹ ਇਕ ਕਹਾਣੀ ਵਿਚ, ਕਿਤੇ ਹੁੰਦੀਆਂ ਤਾਂ ਬੱਚਿਆਂ ਨੇ ਬਹੁਤ ਐਨਜੁਆਏ (ਖੁਸ਼) ਕਰਨਾ ਸੀ। ਖ਼ੈਰ! ਮੈਂ ਵੱਡੀਆਂ ਕਹਾਣੀਆਂ ਲਿਖਣ ਵੱਲ ਰੁਚਿਤ ਹੋ ਗਈ। ਹੁਣ ਕਾਫੀ ਸਮੇਂ ਮਗਰੋਂ ਮੈਂ ਫਿਰ ਕਵਿਤਾ ਵਿਚ ਕਹਾਣੀ ਲਿਖਣ ਲਈ ਪ੍ਰੇਰਿਤ, ਆਪਣੇ ਮਨ ਨਾਲ ਹੀ ਹੋਈ। ਸੋ ਇਉਂ ਮੈਂ ਕਾਵਿ-ਕਹਾਣੀ ਲਿਖੀ, ਸਾਡੀ ਜ਼ਿੰਦਗੀ ਦਾ ਕਾਫ਼ੀ ਹਿੱਸਾ ਤਿਉਹਾਰਾਂ ਮਨਾਉਣ ਵਿਚ, ਖੁਸ਼ੀ ਮਹਿਸੂਸ ਕਰਦਾ ਹੈ।

ਬੱਚਿਆਂ ਨੂੰ ਨੇੜਿਓਂ ਸਮਝਦਿਆਂ ਮੈਨੂੰ ਜਾਪਿਆ ਕਿ ਬੱਚੇ ਜ਼ਿਆਦਾ ਦੋ ਤਿਉਹਾਰ ਪਸੰਦ ਕਰਦੇ ਹਨ-ਇਕ ਦੀਵਾਲੀ ਤੇ ਇਕ ਰੱਖੜੀ, ਕਿਉਂਕਿ ਇਨ੍ਹਾਂ ਦੋਹਾਂ ਤਿਉਹਾਰਾਂ ਵਿਚ ਬੱਚਿਆਂ ਨੂੰ ਵਧ ਅਹਿਮੀਅਤ ਮਿਲਦੀ ਹੈ ਤੇ ਉਹ ਖੁਸ਼ੀ ਮਹਿਸੂਸ ਕਰਦੇ ਹਨ। ਇਕ ਹੋਰ ਸੋਚਣੀ, ਬੱਚੇ ਪੰਛੀਆਂ ਨੂੰ ਗਲਾਂ ਕਰਦੇ, ਮਨੁੱਖਾਂ ਵਾਗੂੰ ਵਿਚਰਦੇ ਦੇਖਦੇ ਹਨ ਤਾਂ ਉਨ੍ਹਾਂ ਦਾ ਮਨ ਮੋਹਿਆ ਜਾਂਦਾ ਹੈ। ਜੋ ਪੰਛੀ ਕਰਦੇ ਹਨ ਬੱਚੇ ਵੀ ਉਵੇਂ ਹੀ ਕਰਕੇ ਬਹੁਤ, ਸਕੂਨ ਅਨੰਦ ਮਹਿਸੂਸ ਕਰਦੇ ਹਨ।

'ਚੂਚੇ ਚੂਚੀ ਦੀ ਰੱਖੜੀ' ਵਿਚ ਲੰਬੀ ਕਹਾਣੀ ਹੈ ਜੋ ਮਨੋਰੰਜਨ ਭਰਪੂਰ ਹੈ, ਹਰ ਪੰਨੇ ਤੇ ਕਹੀ ਕਵਿਤਾ ਦਾ ਵਿਸਥਾਰ ਚਿੱਤਰ ਵਿਚ ਹੈ। ਉਹ ਚਿੱਤਰ ਨੂੰ ਵਾਰ ਵਾਰ ਦੇਖ ਨਚਦੇ ਟਪਦੇ ਹਨ। ਭਾਸ਼ਾ ਪੰਜ ਤੋਂ ਅੱਠ ਸਾਲ ਦੇ ਬੱਚਿਆਂ ਅਨੁਸਾਰ ਸਰਲ ਤੇ ਬਿਲਕੁਲ ਸਪੱਸ਼ਟ ਹੈ। ਕਹਾਣੀ ਵਿਚ ਕਹੀ ਗੱਲ ਸਾਰਥਿਕ ਹੈ, ਜੋ ਬੱਚਿਆਂ ਨੂੰ ਕੋਈ ਨਾ ਕੋਈ ਸਿੱਖਿਆ ਦੇਣ ਵਾਲੀ, ਭਾਰਤੀ ਕਦਰਾਂ ਕੀਮਤਾਂ ਨੂੰ ਪਹਿਚਾਨਣ ਵਾਲੀ ਹੈ। ਇਹ ਕਹਾਣੀ ਕਵਿਤਾ ਸੋਚ ਸੰਕਲਪ ਕਿਸੇ ਧਾਰਨਾਂ ਦਾ ਬਿੰਬ ਬਣ ਵਿਸ਼ੇਸ਼ ਅਰਥ ਰੱਖਦੀ ਹੈ। ਪੰਛੀਆਂ ਦਾ ਆਪਸੀ ਵਰਤ ਵਰਤਾਰਾ, ਸਭਿਆਚਾਰ ਅਤੇ ਮਾਨਵਵਾਦ ਨੂੰ ਪ੍ਰਗਟਾਉਂਦੀ ਹੈ। ਇਸ ਕਹਾਣੀ ਰਾਹੀਂ ਆਪਣੇ ਪਰਿਵਾਰਕ ਤਿਉਹਾਰਾਂ ਦੀ ਜਾਣਕਾਰੀ ਬੱਚਿਆਂ ਨੂੰ ਮਿਲਦੀ ਹੈ। ਮਿਥਿਹਾਸਕ ਮਿੱਥ ਨੂੰ ਬੱਚਿਆਂ ਰਾਹੀਂ ਆਪਣੀ ਗੱਲਬਾਤ ਰਾਹੀਂ ਪੇਸ਼ ਕੀਤਾ ਹੈ।

ਕਹਾਣੀ ਵਿਚ ਪੰਛੀ ਭੈਣ ਭਰਾ ਇਕ ਦੂਜੇ ਦੀ ਮਦਦ ਕਰਦੇ ਹਨ ਤੇ ਫਿਰ ਵੱਡੇ ਪੰਛੀਆਂ ਦੀ ਗੱਲ ਜਿਵੇਂ 'ਬਗਲੇ' ਨੇ 'ਕੁਕੜੀ' ਦੀ ਮਦਦ ਕੀਤੀ ਤੇ ਚੂਚੇ ਦੇ ਸੰਘ ਵਿਚੋਂ ਮਟਰ ਦਾ ਦਾਣਾ ਆਪਣੀ ਲੰਬੀ ਚੁੰਝ ਨਾਲ ਲੰਬੀ ਗਰਦਨ ਕਰਕੇ ਕੱਢ ਦਿੱਤਾ। ਇਹ ਮਾਨਵਵਾਦੀ ਸੁਰ ਹੈ। ਅੱਜ ਨਵੇਂ ਜ਼ਮਾਨੇ ਵਿਚ ਕਮਾਲ ਇਹ ਹੈ ਕਿ ਹਰ ਕਿਸਮ ਦੀ ਰੱਖੜੀ ਬਣਦੀ ਹੈ ਤੇ ਵਿਕਦੀ ਹੈ। ਬੱਚੇ ਆਪਣੀ ਮਰਜ਼ੀ ਦੀ ਰੱਖੜੀ ਲੈ ਬਹੁਤ ਹੀ ਖੁਸ਼ ਹੁੰਦੇ ਹਨ, ਜਿਵੇਂ ਇਸ ਕਹਾਣੀ ਵਿਚ ਚੂਜ਼ਾ ਟ੍ਰਿੰਜ਼-ਟ੍ਰਿੰਜ਼ ਕਰਨ ਵਾਲੀ ਰੱਖੜੀ ਮੰਗਦਾ ਹੈ ਤੇ ਉਹ ਉਸ ਨੂੰ ਮਿਲ ਵੀ ਜਾਂਦੀ ਹੈ।

ਮੈਂ ਆਪਣੇ ਸਾਹਮਣੇ ਕੇਵਲ ਤੇ ਕੇਵਲ ਬੱਚਿਆਂ ਦਾ ਮਨੋਰਥ ਰੱਖਿਆ ਹੈ ਕਿ ਉਨ੍ਹਾਂ ਨੂੰ ਕੀ ਕੀ ਪੜ੍ਹਨਾ ਚੰਗਾ ਲਗਦਾ ਹੈ ਤੇ ਜਦੋਂ ਉਹ ਆਪਣੀ ਮਰਜ਼ੀ ਦੀ ਕਵਿਤਾ ਗਾ ਕੇ ਪੜ੍ਹਨਗੇ ਤਾਂ ਉਨ੍ਹਾਂ ਦੀ ਭਾਸ਼ਾ ਸ਼ੁੱਧ ਹੋਵੇਗੀ ਤੇ ਉਹ ਨਵੇਂ ਨਵੇਂ ਸ਼ਬਦ ਵੀ ਸਿੱਖ ਲੈਣਗੇ ਜੋ ਵੱਡੀਆਂ ਕਲਾਸਾਂ ਵਿਚ ਜਾ ਕੇ ਜਲਦੀ ਸਮਝ ਆ ਜਾਣਗੇ। ਉਨ੍ਹਾਂ ਦੀ ਭਾਸ਼ਾ ਪੱਖੋਂ ਬੇਸ ਪੱਕੀ ਪੀਡੀ ਹੋਵੇਗੀ।



ਚੂਚੇ ਚੂਚੀ ਦੀ
ਰਖੜੀ

# ਚੂਚੇ ਚੂਚੀ ਦੀ ਰੱਖੜੀ

ਚੂਚਾ ਸੀ ਮੁਰਗੀ ਦਾ ਬੱਚੇ।
ਹੈ ਸੀ ਨਟਖਟ, ਉਮਰ ਦਾ ਕੱਚਾ।

ਨਾਂ ਸੀ ਉਸਦਾ, ਮੁਨਮੁਨ ਚੂਚਾ।
ਕਹਿਣਾ ਕਦੇ ਨਾ ਮੰਨੇ, ਦੂਜੇ ਦਾ।


ਰੋਜ ਰੋਜ ਉਹ ਘੁੰਮਣ ਜਾਵੇ।
ਮਾਂ ਮੁਰਗੀ, ਵਾਰ ਵਾਰ ਸਮਝਾਵੇ।



ਬਹੁਤਾ ਨਹੀਂ ਘੁੰਮੀਦਾ ਪਿਆਰੇ।
ਫਿਰ ਵੀ ਇੱਧਰ, ਉਧਰ ਭੱਜ ਜਾਵੇ।

ਹਰ ਵਾਰ ਮਾਂ, ਲੱਭ ਲਿਆਵੇ।
ਉਹ ਤਾਂ ਮਾਂ ਨੂੰ, ਬਹੁਤ ਸਤਾਵੇ।


ਮਾਂ ਕਹੇ, ਤੂੰ ਨਾਲ, ਮੇਰੇ ਹੀ ਰਹਿਣਾ।
ਚੋਗਾ ਚੁਗਣਾ, ਤੈਨੂੰ ਸਿਖਾਣਾ।



ਥੋਹੜਾ ਸਮਾਂ ਉਹ ਰੱਖਦਾ ਯਾਦ।
ਮੁੜ ਭੁੱਲ ਜਾਂਦਾ, ਮੁਰਗੀ ਦੀ ਬਾਤ।

ਇੱਕ ਦਿਨ ਮੁਨਮੁਨ ਚਲਿਆ ਬਾਹਰ।
ਮਾਂ ਆਖੇ ਚਲ ਸਾਡੇ ਨਾਲ।

ਅੱਜ ਪੂਰਨਮਾਸ਼ੀ ਹੈ, ਸਾਵਣ ਦੀ।
ਖ਼ੁਸ਼ੀ ਹੈ, ਰੱਖੜੀ ਆਵਣ ਦੀ।



ਚੂਚੀ ਭੈਣ ਕਹੇ, ਰੱਖੜੀ ਤਿਉਹਾਰ।
ਲੈਣੀ ਰੱਖੜੀ ਵਿੱਚ ਜਾ, ਬਾਜ਼ਾਰ।

ਮੁਨਮੁਨ ਕਹੇ ਰੱਖੜੀ ਲਵਾਂ, ਜੋ ਮਿਊਜ਼ਿਕ ਗਾਵੇ।
ਟ੍ਰਿੰਜ਼ ਟ੍ਰਿੰਜ਼ ਕਰੇ, ਤੇ ਮਨ ਨੂੰ ਭਾਵੇ।


ਚੂਚੀ ਆਖੇ, ਇਹ ਰੱਖੜੀ ਹੈ ਮਹਿੰਗੀ।
ਰੱਖੜੀ ਲੈ ਲੈ, ਘੜੀ ਵਾਲੀ,
ਜਾਂ ਸਰਵਣ ਦੀ ਵਹਿੰਗੀ।


ਰਖੜੀਆਂ ਦੀ ਦੁਕਾਨ

ਇਸ ਘਾਲੇ ਮਾਲੇ, ਦੇ ਵਿੱਚਕਾਰ।
ਚੂਚੀ! ਦੇਖਣ ਲੱਗੀ, ਰੱਖੜੀਆਂ ਦੋ ਚਾਰ।

ਸ਼ਰਾਰਤੀ ਮੁਨਮੁਨ ਨੇ, ਭੰਨੀ ਆਕੜ।
ਲੱਗਾ ਅੱਗੇ ਪਿੱਛੇ ਝਾਕਣ।


ਐਨੇ ਨੂੰ ਉਸ ਦੇਖੇ ਇਕ ਘਰ ਦੇ ਅੱਗੇ।
ਪਏ ਹਰੇ ਹਰੇ ਫਲੀਆਂ ਦੇ ਛਿਲਕੇ।



ਆਪਣੀ ਛੋਟੀ, ਚੁੰਝ ਦੇ ਨਾਲ।
ਲੱਭਣ ਲੱਗਾ ਉਹ, ਦਾਣੇ ਦੋ ਚਾਰ।

ਖਾਂਦਿਆਂ ਖਾਂਦਿਆਂ, ਫਲੀ ਦਾ ਦਾਣਾ।
ਅਚਾਨਕ ਅੱਟਕਿਆ, ਗਲੇ ਵਿਚਕਾਰ।

ਮੁਨਮੁਨ ਰੋਇਆ, ਚੀਕਾਂ ਮਾਰ।
ਮਾਂ ਨੂੰ ਲੱਭੇ, ਸੜਕ ਵਿਚਕਾਰ।


ਰੱਧੜੀਆਂ ਦੀ ਦੁਕਾਨ

ਭੀੜ ਭੜੱਕਾ, ਵਿੱਚ ਬਾਜ਼ਾਰ।
ਰਸਤਾ ਭੁੱਲਿਆ, ਚੂਚਾ ਯਾਰ।

ਮਾਂ ਤੇ ਭੈਣ ਵੀ, ਕਿਤੇ ਨਾ ਦਿਸੇ।
ਘਬਰਾਇਆ ਉਹ, ਇੱਧਰ ਉਧਰ ਨੱਸੇ।


ਭੁੱਲ ਗਈ ਰੱਖੜੀ ਚੂਚੀ ਤਾਈ।
ਜਦ ਉਸ ਡਿੱਠਾ, ਮੁਨਮੁਨ ਨਾਹੀਂ।


ਰੱਖੜੀਆਂ ਦੀ ਦੁਕਾਨ

ਉਹ ਦੌੜੀ ਦੌੜੀ, ਮਾਂ ਵੱਲ ਆਈ।
ਚੂਚੇ ਦੇ ਗੁੰਮਣ ਦੀ, ਖ਼ਬਰ ਸੁਣਾਈ।

ਮਾਂ ਆਖੇ! ਚੂਚੀ ਤਾਈ,
ਤੂੰ ਚੂਚੇ ਦੀ ਉਂਗਲੀ ਕਿਉਂ ਛੱਡੀ?
ਫਿਰ ਮਾਂ ਭੱਜੀ, ਪਿੱਛੇ ਵੱਲ ਨੱਸੀ।


ਐਨੇ ਨੂੰ ਦੂਰੋਂ, ਆਉਂਦਾ ਦਿਸਿਆ ਮੁਨਮੁਨ।
ਕਦਮ ਉਹ ਪੁੱਟੇ, ਗਿਣਗਿਣ ਗਿਣਗਿਣ।



ਮੁਨਮੁਨ ਰੋਈ, ਰੋਈ ਜਾਵੇ।
ਮੂੰਹ ਆਪਣਾ ਖੋਲ੍ਹ, ਖੋਲ੍ਹ ਦਿਖਾਵੇ।

ਮੁਰਗੀ ਮੁਨਮੁਨ ਦੇ, ਮੂੰਹ ਵੱਲ ਤੱਕੀ।
ਖਿੱਚ ਖਿੱਚ ਦਾਣਾ, ਹਾਰੀ ਥੱਕੀ।


ਮਾਂ ਮੁਰਗੀ ਦੀ, ਚੁੰਝ ਸੀ ਛੋਟੀ।
ਦਾਣਾ ਕੱਢ ਨਾ ਸਕੀ, ਉਹ ਖੋਟੀ।



ਮੁਰਗੀ ਮਾਂ ਦਾ ਮਿੱਤਰ ਸੀ ਬਗ਼ਲਾ।
ਜਿਸਦੀ ਚੁੰਝ ਸੀ, ਲੰਬੀ ਤਕਲਾ।

ਮਾਂ ਦੌੜੀ ਬਗ਼ਲੇ ਕੋਲ ਆਈ।
ਮੁਨਮੁਨ ਨੂੰ ਵੀ ਨਾਲ ਲਿਆਈ।


ਮਾਂ ਮੁਰਗੀ, ਡਾਢੀ ਘਬਰਾਈ।
ਬਗ਼ਲੇ ਤਾਈਂ, ਕਹਾਣੀ ਸੁਣਾਈ।



ਮੁਨਮੁਨ ਦਾ ਸਾਹ ਰੁੱਕ ਰੁੱਕ ਆਵੇ।
ਮਾਂ ਮੁਰਗੀ, ਮੁੜ ਮੁੜ ਘਬਰਾਵੇ।

ਬਗ਼ਲੇ ਦੀ ਚੁੰਝ, ਲੰਬੀ ਤਿੱਖੀ।
ਗਲੇ 'ਚ ਪਾਈ, ਉਸ ਕਰਕੇ ਸਿੱਧੀ।


ਫਿਰ ਜ਼ੋਰ ਨਾਲ, ਬਾਹਰ ਚੁੰਝ ਜੁ ਖਿੱਚੀ।
ਹੱਥ ਨਾਲ ਫੜ, ਮੁਨਮੁਨ ਦੀ ਗਿੱਚੀ।



ਫਸਿਆ ਦਾਣਾ, ਬਾਹਰ ਝੱਟ ਆਇਆ।
ਮੁਨਮੁਨ ਡਾਢਾ, ਸ਼ੁਕਰ ਮਨਾਇਆ।

ਮਾਂ ਨੇ ਘੁੰਟ, ਵਲੇਟਿਆ ਵਿਚ ਲੋਈ।
ਮੁਨਮੁਨ ਕਹੇ, ਮਾਂ, ਮੈਥੋ ਗਲਤੀ ਹੋਏਂ।


ਮੈਂ ਹੁਣ ਕਹਿਣਾ, ਤੁਹਾਡਾ ਮੰਨਾਂ।
ਬਿਨਾ ਪੁੱਛੇ, ਕਿੱਧਰੇ ਵੀ ਨਾ ਚੱਲਾਂ।



ਮਾਂ ਮੁਰਗੀ, ਮਮਤਾ ਵਿੱਚ ਮੋਈ।
ਮੁਨਮੁਨ ਦੇ, ਅੱਥਰੂਆਂ ਵਿਚ ਖੋਈ।

ਗਲੇ ਲਗਾ, ਪਿਆਰ ਉਸ ਕੀਤਾ।
ਨਾਲੇ ਪੰਜ ਦਾ ਨੋਟ, ਉਸ ਦਿੱਤਾ।


ਚੂਚੀ ਦੌੜੀ ਦੌੜੀ ਆਈ।
ਨਾਲੇ ਉਹ ਰੱਖੜੀ ਵੀ ਲਿਆਈ।



ਚੂਚੀ ਕਹੇ, ਰੱਖੜੀ ਖੁਸ਼ੀ ਨਾਲ ਆਵੇ।
ਵੀਰ ਨੂੰ, ਸਭ ਸੰਕਟ ਤੋਂ ਬਚਾਵੇ।

ਚੂਚੀ ਬਿਠਾਇਆ, ਮੁਨਮੁਨ ਭਾਈ।
ਗੁੱਟ ਤੇ ਮਿਊਜ਼ਿਕ ਵਾਲੀ, ਰੱਖੜੀ ਸਜਾਈ।

ਫਿਰ ਉਸ ਮੱਥੇ ਤਿਲਕ ਲਗਾਇਆ।
ਪੰਜ ਦਾ ਨੋਟ ਚੂਚੇ, ਚੂਚੀ ਦੀ ਮੁੱਠੀ ਪਾਇਆ।



ਚੂਚੀ ਭੈਣ, ਲੱਖ ਲੱਖ ਸ਼ੁਕਰ ਮਨਾਇਆ।
ਆਖੇ ਰੱਬ ਹੀ, ਮੇਰਾ ਵੀਰ ਬਚਾਇਆ।

ਹੁਣ ਚੂਚਾ ਆਖੇ, ਸਭ ਨੂੰ ਕਰਾਂ ਮੈਂ, ਬਹੁਤ ਪਿਆਰ।
ਵੱਡਿਆ ਦਾ ਨਾਲੇ, ਕਰਾਂ ਸਤਿਕਾਰ।

ਮਾਂ, ਭੈਣ ਅਤੇ ਦੇਸ਼ ਦੀ, ਕਰਾਂ ਮੈਂ ਰੱਖਿਆ।
ਰੱਖੜੀ ਤਿਉਹਾਰ ਤੇ, ਇਹੀ ਮਿਲੀ ਮੈਨੂੰ ਸਿੱਖਿਆ।


ਦੀਵਾਲੀ ਆਏ
ਵਾਰ
ਵਾਰ

# ਦੀਵਾਲੀ ਆਵੇ ਵਾਰ ਵਾਰ

ਤਾੜੀ ਮਾਰ ਕੇ, ਬੱਚੇ ਬੋਲਣ।
ਆਈ ਦੀਵਾਲੀ, ਆਈ ਦੀਵਾਲੀ।

ਘਰ ਘਰ ਦੇ ਵਿਚ, ਹੋਈ ਸਫ਼ਾਈ।
ਹਲ-ਚਲ ਮੱਚੀ, ਖੁਸ਼ੀ ਹੈ ਆਈ।

ਕਾਲੂ ਨੇ ਲਾਲੂ ਬਾਲੂ ਬੁਲਾਏ।
ਵਾਜ ਸੁਣ, ਉਹ ਭੱਜੇ ਆਏ।



ਭੱਜੇ ਆਏ, ਨਾਲ ਪਟਾਕੇ ਲਿਆਏ।
ਉੱਚੀ ਉੱਚੀ ਸ਼ੋਰ, ਉਨ੍ਹਾਂ ਪਾਏ।

ਛੋਟਾ ਬਕੂ ਵੀ ਨੱਚਦਾ ਆਇਆ।
ਨਿੱਕਾ ਢੋਲ ਉਸ ਗਲ ’ਚ ਪਾਇਆ।

ਬੇਬੀ ਦੀਪੀ, ਕਾਕੋ ਤੇ ਗਾਈ।
ਸਭ ਦੇ ਮੂੰਹ ਤੇ ਰੌਣਕ ਆਈ।


ਮਠਿੱਆਈਆਂ ਦੀ ਹੱਟੀ

ਲਾਲੂ, ਬਾਲੂ ਅਤੇ ਸ਼ਬੀਲਾ।
ਮਠਿਆਈ ਦਾ ਕਰਦੇ ਹੀਲਾ।

ਗਾਣ ਲੱਗੇ ਉਹ ਗੀਤ ਪਿਆਰਾ।
ਹੱਥਾਂ ਦਾ ਕਰਕੇ ਇਸ਼ਾਰਾ।

ਓ ਰਸਗੁਲਿਆ---
ਤੂੰ ਕਿਹੜੀ ਗਲੋਂ ਭੁੱਲਿਆ।


ਜੀ ਕਰਦੈ ਤੈਨੂੰ ਖਾ ਲਵਾਂ।
ਤੇ ਮੂੰਹ ਦੇ ਵਿਚ ਪਾ ਲਵਾਂ।


ਮਠਿੱਆਈਆਂ ਦੀ ਹੱਟੀ

ਮਠਿਆਈ ਆਈ, ਮਠਿਆਈ ਆਈ।
ਪਾਣੀ ਮੂੰਹ ਦੇ ਵਿੱਚ ਲਿਆਈ।

ਲੱਡੂ ਖਾ, ਕਹੇ ਲਾਲੂ ਲੇਲਾ।
ਬਾਲੂ ਕਹਿੰਦਾ, ਨਹੀਂ! ਖਾਣਾ ਪੇੜਾ।

ਦੀਪੀ ਆਈ, ਸੱਜੀ ਸਜਾਈ।
ਭਾਂਤ ਸੁਭਾਂਤ ਦੀ ਲਿਆਈ ਮਿਠਾਈ।



ਹੁਣ ਖਾਣ ਦੀ ਹੋਈ ਤਿਆਰੀ।
ਬੇਬੀ ਨੇ ਲੈ ਲਈ, ਪਹਿਲੀ ਵਾਰੀ।

ਸਭ ਨੇ ਖਾਣ ਨੂੰ ਬੋਲਿਆ ਹੱਲਾ।
ਬਾਲੂ ਖਾ ਖਾ ਹੋਇਆ ਝੱਲਾ।

ਸਾਰਿਆਂ ਰਲ ਪਾਈ, ਹਾਲ ਦੁਹਾਈ।
ਰਸਗੁੱਲਿਆਂ ਦੀ, ਜਦ ਵਾਰੀ ਆਈ।



ਮਠਿਆਈ ਖਾ ਖਾ, ਨਹੀਂ ਸਨ ਰੱਜਦੇ।
ਹਲਵਾ ਖਾ ਖਾ, ਉਂਗਲਾਂ ਚੱਟਦੇ।

ਫੇਰ ਬਰਫੀ ਦੀ, ਵਾਰੀ ਆਈ।
ਗਾਈ ਤੇ ਕਾਕੋ, ਝਟ ਮੁਕਾਈ।

ਰਸ ਮਲਾਈ ਦਾ, ਕਟੋਰਾ ਆਇਆ।
ਬੱਕੂ ਨੇ ਝੱਟ ਮੂੰਹ ਨੂੰ ਲਾਇਆ।



ਫਿਰ ਦੂਜੀ ਵੀ, ਲਾਇਨ ਲਗਾਓ।
ਬੂਹੇ ਬਨੇਰੇ, ਖ਼ੂਬ ਸਜਾਓ।

ਹੋਈ ਅੱਗੇ ਪਿੱਛੇ, ਭੀੜ ਹੀ ਭੀੜ।
ਪਟਾਕੇ ਚੱਲਣ ਹੁਣ, ਗੀਸ ਪੜੀਸ।

ਨਿੱਕੀ ਬੇਬੀ, ਨੱਚੇ ਗਾਵੇ।
ਜ਼ਿੱਦ ਕਰੇ, ਅਨਾਰ ਚਲਾਵੇ।



ਹੁਣ ਮੰਮੀ ਕਹਿੰਦੀ, ਮੋਮਬੱਤੀਆਂ ਜਗਾਓ।
ਜਲਦੀ ਜਲਦੀ, ਦੌੜੇ ਦੌੜੇ ਆਓ।

ਰੰਗ ਬਿਰੰਗੀ, ਮੋਮਬੱਤੀ ਲਿਆਓ।
ਨਾਲੇ ਨਾਲੇ, ਦੀਵੇ ਵੀ ਜਗਾਓ।


ਸੁੰਦਰ ਜਿਹੀ, ਇਕ ਲਾਇਨ ਲਗਾਓ।
ਇਕ ਦੇ ਨਾਲੋਂ, ਇੱਕ ਜਗਾਓ।



ਠਾਹ ਠਾਹ ਕਰਕੇ, ਚੱਲਣ ਪਟਾਕੇ।
ਨੀਂਦ ਨਹੀਂ ? ਸਗੋਂ ਆਵਣ ਹਾਸ।

ਐਸੀ ਸਭ ਨੇ ਖ਼ੁਸ਼ੀ ਮਨਾਈ।
ਗਾਈ ਦੇ ਭਾਈ ਦੀ ਸਭ ਦੇਣ ਵਧਾਈ।

ਆਖਣ, ਦੀਵਾਲੀ ਆਵੇ, ਵਾਰ ਵਾਰ।
ਮਿਠਾਈ ਖਾਈਏ, ਦਿਨ ਦੋ ਚਾਰ।



ਦੀਵਾਲੀ ਅੰਮ੍ਰਿਤਸਰ ਦੀ, ਜੇ ਕੋਈ ਤੱਕੇ।
ਹਿੰਦੂ ਸਿੱਖ ਮਨਾਵਣ, ਇਕੱਠੇ।

ਕਹਿੰਦੇ ਇਸ ਦਿਨ ਭਾਂਡੇ ਖਰੀਦਣਾ, ਸ਼ਗਨ ਹੈ ਚੰਗਾ।
ਨਾਲੇ, ਬੇਬੀ ਲਿਆਈ, ਫਰਾਕ ਦੋ ਰੰਗਾ।

ਮੰਮੀ ਆਖੇ:-

ਲਕਸ਼ਮੀ ਆਵੇ, ਅੱਜ ਦੀ ਰਾਤ।
ਪੂਜਾ ਕਰੋ ਫਿਰ, ਸਾਰੀ ਰਾਤ।